ਮਿੱਠੇ ਬੱਚੇ:- "ਮਿੱਠੇ ਬੱਚੇ :- ਨਰ ਤੋਂ ਨਾਰਾਇਣ ਬਣਨ ਦੇ ਲਈ ਪਰਫੈਕਟ ਬ੍ਰਾਹਮਣ ਬਣੋ, ਸੱਚਾ ਬ੍ਰਾਹਮਣ ਉਹ ਜਿਸ ਵਿੱਚ ਕੋਈ ਵੀ ਵਿਕਾਰ ਰੂਪੀ ਦੁਸ਼ਮਣ ਨਾ ਹੋਵੇ"

ਪ੍ਰਸ਼ਨ:- ਬਾਪ ਦਾ ਰਿਗਾਰ੍ਡ ਕਿਨ੍ਹਾਂ ਬੱਚਿਆਂ ਨੂੰ ਪ੍ਰਾਪਤ ਹੁੰਦਾ ਹੈ? ਸਮਝਦਾਰ ਕੌਣ ਹਨ?

ਉੱਤਰ:- ਬਾਪ ਦਾ ਰਿਗਾਰ੍ਡ ਉਹਨਾਂ ਨੂੰ ਮਿਲਦਾ ਹੈ ਜੋ ਯੱਗ ਦਾ ਹਰ ਇੱਕ ਕੰਮ ਰਿਸਪੋਨਸੀਬਿਲਿਟੀ ਨਾਲ ਕਰਦੇ ਹਨ। ਕਦੀ ਗਫ਼ਲਤ ਨਹੀਂ ਕਰਦੇ। ਪਾਵਨ ਬਣਨ ਦੀ ਰਿਸਪੋਨਸੀਬਿਲਿਟੀ ਸਮਝ ਇਸੇ ਸੇਵਾ ਵਿੱਚ ਤੱਤਪਰ ਰਹਿੰਦੇ ਹਨ। ਚਲਣ ਬਹੁਤ ਰਾਇਲ ਹੈ, ਕਦੀ ਨਾਮ ਬਦਨਾਮ ਨਹੀਂ ਕਰਦੇ। ਆਲਰਾਉਂਡਰ ਹਨ। ਸਮਝਦਾਰ ਉਹ ਹਨ ਜੋ ਫੁੱਲ ਪਾਸ ਹੋਣ ਦੀ ਕੋਸ਼ਿਸ਼ ਕਰਦੇ ਹਨ। ਕਦੀ ਦੁੱਖਦਾਈ ਨਹੀਂ ਬਣਦੇ। ਕੋਈ ਵੀ ਉਲਟਾ ਕੰਮ ਨਹੀਂ ਕਰਦੇ।

ਗੀਤ:- ਅੱਜ ਨਹੀਂ ਤਾਂ ਕਲ ਬਿਖਰੇਂਗੇ ਇਹ ਬਾਦਲ...

ਓਮ ਸ਼ਾਂਤੀ ਇਹ ਬੱਚਿਆਂ ਨੂੰ ਕੌਣ ਡਾਇਰੈਕਸ਼ਨ ਦਿੰਦੇ ਹਨ? ਬੇਹੱਦ ਦਾ ਬਾਪ, ਜਿਸਨੂੰ ਬੱਚੇ ਐਨਾ ਪਿਤਾਵ੍ਰਿਤਾ ਹੋਕੇ ਯਾਦ ਨਹੀਂ ਕਰਦੇ। ਬਾਪ ਕਹਿੰਦੇ ਹਨ ਬੱਚੇ ਹੁਣ ਵਾਪਿਸ ਘਰ ਚੱਲਣਾ ਹੈ। ਬੱਚੇ ਕਿਸਨੂੰ ਕਹਿੰਦੇ ਹਨ? ਜੋ ਬ੍ਰਹਮਾ ਮੁਖ ਵਸ਼ਵਾਵਲੀ ਬ੍ਰਾਹਮਣ ਹਨ ਉਹਨਾਂ ਨੂੰ ਬਾਪ ਬੱਚੇ ਕਹਿਣਗੇ ਕਿਉਂਕਿ ਉਹਨਾਂ ਦੀ ਸੰਤਾਨ ਬਣੇ ਹਨ। ਬਾਪ ਬੈਠ ਸਮਝਾਉਂਦੇ ਹਨ ਜਦੋਂ ਨਵੀਂ ਸ੍ਰਿਸ਼ਟੀ ਰਚਨੀ ਹੈ ਤਾਂ ਪੁਰਾਣੀ ਸ੍ਰਿਸ਼ਟੀ ਦੀਆਂ ਆਤਮਾਵਾਂ ਨੂੰ ਘਰ ਚਲਣਾ ਹੈ। ਹੁਣ ਤੁਸੀਂ ਬੱਚੇ ਬਾਪ ਅਤੇ ਬਾਪ ਦੇ ਘਰ ਨੂੰ ਜਾਣਦੇ ਹੋ। ਇਨਾਂ ਜਰੂਰ ਹੈ ਕਈ ਤਾਂ ਬਾਪ ਨੂੰ ਚੰਗੀ ਤਰ੍ਹਾਂ ਯਾਦ ਕਰਦੇ ਹਨ। ਸ਼੍ਰੀਮਤ ਤੇ ਚਲਦੇ ਹਨ, ਕੋਈ ਦੇਹ - ਅਭਿਮਾਨ ਦੇ ਕਾਰਨ ਯਾਦ ਨਹੀਂ ਕਰਦੇ ਹਨ। ਪਾਵਨ ਨਹੀਂ ਰਹਿੰਦੇ। ਬ੍ਰਾਹਮਣ ਹੈ ਹੀ ਈਸ਼ਵਰੀ ਸੰਤਾਨ, ਬ੍ਰਹਮਾ ਮੁਖ ਵੰਸ਼ਾਵਲੀ। ਰਚਿਯਤਾ ਬਾਪ ਗਾਇਆ ਜਾਂਦਾ ਹੈ ਨਾ। ਬ੍ਰਹਮਾ ਮੁਖ ਕਮਲ ਤੋਂ ਸੰਤਾਨ ਰਚਦੇ ਹਨ। ਤੁਸੀਂ ਬੱਚੇ ਜਾਣਦੇ ਹੋ ਬਰੋਬਰ ਅਸੀਂ ਈਸ਼ਵਰ ਦੀ ਸੰਤਾਨ ਬ੍ਰਹਮਾ ਦੇ ਮੁਖ ਵੰਸ਼ਾਵਲੀ ਬ੍ਰਾਹਮਣ ਬਣੇ ਹਾਂ। ਬ੍ਰਾਹਮਣ ਉਹਨਾਂ ਨੂੰ ਕਿਹਾ ਜਾਂਦਾ ਹੈ ਜੋ ਪਾਵਨ ਰਹਿੰਦੇ ਹਨ। ਸਾਰਾ ਮਦਾਰ ਹੈ ਹੀ ਪਵਿੱਤਰਤਾ ਤੇ। ਇਸਨੂੰ ਕਿਹਾ ਜਾਂਦਾ ਹੈ ਅਪਵਿੱਤਰ ਪਤਿਤ ਦੁਨੀਆਂ। ਮਨੁੱਖ ਮਾਤਰ ਜੋ ਪਤਿਤ ਹੈ, ਉਹ ਪਾਵਨ ਦਾ ਅਰਥ ਨਹੀਂ ਸਮਝਦੇ। ਕਲਿਯੁਗ ਪਤਿਤ ਦੁਨੀਆਂ, ਸਤਿਯੁਗ ਪਾਵਨ ਦੁਨੀਆਂ ਹੈ - ਇਹ ਕੋਈ ਵੀ ਨਹੀਂ ਜਾਣਦੇ। ਕਈ ਤੇ ਕਹਿ ਦਿੰਦੇ ਹਨ ਸਤਿਯੁਗ ਤ੍ਰੇਤਾ ਵਿੱਚ ਵੀ ਪਤਿਤ ਲੋਕ ਹਨ। ਸੀਤਾ ਚੁਰਾਈ ਗਈ … ਇਹ ਹੋਇਆ ਪਾਵਨ ਦੁਨੀਆਂ ਦੀ ਗਲਾਨੀ ਕਰਨਾ। ਜਿਵੇਂ ਦ੍ਰਿਸ਼ਟੀ, ਉਵੇਂ ਸ੍ਰਿਸ਼ਟੀ ਦੇਖਣ ਵਿੱਚ ਆਉਂਦੀ ਹੈ। ਪਾਵਨ ਦੁਨੀਆਂ ਵਿੱਚ ਵੀ ਪਤਿਤ ਹਨ ਤਾਂ ਕੀ ਬਾਪ ਨੇ ਪਤਿਤ ਦੁਨੀਆਂ ਰਚੀ? ਬਾਪ ਤਾਂ ਪਾਵਨ ਦੁਨੀਆਂ ਹੀ ਸਥਾਪਨ ਕਰਦੇ ਹਨ। ਗਾਇਆ ਵੀ ਹੈ ਪਤਿਤ - ਪਾਵਨ ਆਓ, ਆਕੇ ਇਸ ਸ੍ਰਿਸ਼ਟੀ ਦੀ, ਉਸ ਵਿੱਚ ਵੀ ਖਾਸ ਭਾਰਤ ਨੂੰ ਪਾਵਨ ਬਣਾਓ। ਹੁਣ ਇਹ ਬ੍ਰਹਮਾਕੁਮਾਰ - ਕੁਮਾਰੀ ਨਾਮ ਪੈਂਦਾ ਹੀ ਉਹਨਾਂ ਤੇ ਹੈ ਜੋ ਪਾਵਨ ਰਹਿੰਦੇ ਹਨ। ਪਤਿਤ ਨੂੰ ਬ੍ਰਾਹਮਣ ਬ੍ਰਾਹਮਣੀ ਅਤੇ ਬੀ. ਕੇ. ਕਹਿ ਨਹੀਂ ਸਕਦੇ। ਉਹ ਹੈ ਹੀ ਕੁੱਖ ਵੰਸ਼ਾਵਲੀ। ਤੁਸੀਂ ਬ੍ਰਾਹਮਣ ਹੋ ਬ੍ਰਹਮਾ ਮੁਖ ਵੰਸਵਾਲੀ। ਬ੍ਰਹਮਾ ਕੁੱਖ ਵੰਸ਼ਾਵਲੀ ਤਾਂ ਨਹੀਂ ਕਿਹਾ ਜਾਂਦਾ। ਉਹ ਹਨ ਹੀ ਪਤਿਤ। ਹੁਣ ਤੁਸੀਂ ਈਸ਼ਵਰੀ ਸੰਤਾਨ ਬਣੇ ਹੀ ਇਸਲਈ ਹੋ ਕਿ ਪਾਵਨ ਦੁਨੀਆਂ ਦੇ ਮਾਲਿਕ ਬਣੋ। ਬ੍ਰਾਹਮਣ ਬ੍ਰਾਹਮਣੀ ਮਤਲਬ ਬ੍ਰਹਮਾਕੁਮਾਰ ਕੁਮਾਰੀ ਕਹਾਕੇ ਜੇਕਰ ਪਤਿਤ ਹੁੰਦੇ ਹਨ ਜਾਂ ਵਿਕਾਰ ਵਿੱਚ ਜਾਂਦੇ ਹਨ ਤਾਂ ਉਹ ਬੀ. ਕੇ. ਨਹੀਂ ਹੋਏ। ਬ੍ਰਾਹਮਣ ਕਦੀ ਵਿਕਾਰ ਵਿੱਚ ਨਹੀਂ ਜਾਂਦੇ। ਵਿਕਾਰ ਵਿੱਚ ਜਾਣ ਵਾਲੇ ਨੂੰ ਸ਼ੂਦਰ ਕਿਹਾ ਜਾਂਦਾ ਹੈ। ਈਸ਼ਵਰ ਦੀ ਔਲਾਦ ਬਣਦੇ ਹੀ ਇਸਲਈ ਹਨ ਕਿ ਈਸ਼ਵਰ ਤੋਂ ਅਸੀਂ ਰਾਜ ਭਾਗ ਲੈਂਦੇ ਹਾਂ। ਰਾਜਾਈ ਦਾ ਵਰਸਾ ਲੈਣ ਦੇ ਲਈ ਪੁਰਸ਼ਾਰਥ ਕਰਨਾ ਚਾਹੀਦਾ ਹੈ। ਲਕਸ਼ ਰੱਖਣਾ ਹੈ ਕਿ ਅਸੀਂ ਨਰ ਤੋਂ ਨਾਰਾਇਣ ਬਣੀਏ।

ਤੁਸੀਂ ਬੱਚੇ ਜਾਣਦੇ ਹੋ ਕਿ ਨੰਬਰਵਨ ਹੈ ਕਾਮ। ਸੈਕੰਡ ਨੰਬਰ ਹੈ ਕ੍ਰੋਧ। ਕ੍ਰੋਧ ਆਦਿ ਦਾ ਭੂਤ ਰਹਿ ਜਾਂਦਾ ਹੈ ਤਾਂ ਉਹ ਪੂਰੇ ਵਰਸੇ ਦੇ ਲਾਇਕ ਨਹੀਂ ਬਣਦੇ। ਕਿਹਾ ਜਾਂਦਾ ਹੈ ਇਹ ਕਾਮ ਅਤੇ ਕ੍ਰੋਧ ਦੇ ਭੂਤ, ਪਰਵਸ਼ ਹੋ ਗਿਆ। ਬਾਪ ਨੂੰ ਯਾਦ ਨਾ ਕਰਨ ਕਾਰਨ ਰਾਵਣ ਦੇ ਵਸ਼ ਹੋ ਜਾਂਦੇ ਹਨ। ਇਵੇਂ ਕ੍ਰੋਧੀ ਅਤੇ ਕਾਮੀ ਨਰ ਤੋਂ ਨਾਰਾਇਣ ਪਦਵੀ ਪਾ ਨਹੀਂ ਸਕਦੇ। ਇੱਥੇ ਚਾਹੀਦਾ ਪਰਫੈਕਟ ਬ੍ਰਾਹਮਣ। ਬਾਪ ਸਮਝਾਉਂਦੇ ਹਨ ਪਹਿਲੇ ਨੰਬਰ ਦਾ ਭੂਤ ਆਉਂਦਾ ਹੈ ਦੇਹ - ਅਭਿਮਾਨ। ਜੇਕਰ ਦੇਹੀ - ਅਭਿਮਾਨੀ ਹੋ ਬਾਪ ਨੂੰ ਯਾਦ ਕਰਦੇ ਰਹੇ ਤਾਂ ਬਾਪ ਮਦਦ ਵੀ ਕਰਨ। ਜੋ ਜਿਨਾਂ ਯਾਦ ਕਰਦੇ ਹਨ ਓਨੀ ਉਨ੍ਹਾਂਨੂੰ ਮਦਦ ਮਿਲਦੀ ਹੈ। ਬ੍ਰਾਹਮਣ ਸੱਚਾ ਉਹ ਜਿਸ ਵਿੱਚ ਇਹ ਵਿਕਾਰ ਰੂਪੀ ਦੁਸ਼ਮਣ ਨਾ ਹੋਵੇ। ਮੁਖ ਦੇਹ - ਅਭਿਮਾਨ ਦੇ ਕਾਰਨ ਹੀ ਹੋਰ ਹੋਰ ਦੁਸ਼ਮਣ ਆਉਂਦੇ ਹਨ। ਇਹ ਭਾਰਤ ਸ਼ਿਵਾਲਾ ਸੀ ਤਾਂ ਦੁੱਖ ਦੀ ਕੋਈ ਗੱਲ ਨਹੀਂ ਸੀ। ਇਹ ਮਨੁੱਖਾਂ ਨੂੰ ਪਤਾ ਨਹੀਂ ਹੈ। ਉਹ ਤਾਂ ਕਹਿ ਦਿੰਦੇ ਹਨ ਮਾਇਆ ਵੀ ਹੈ ਹੀ, ਈਸ਼ਵਰ ਵੀ ਹਨ ਹੀ। ਅਰੇ ਈਸ਼ਵਰ ਆਪਣੇ ਸਮੇਂ ਤੇ ਆਉਂਦਾ, ਮਾਇਆ ਆਪਣੇ ਸਮੇਂ ਤੇ ਆਉਂਦੀ। ਅੱਧਾਕਲਪ ਹੈ ਈਸ਼ਵਰੀ ਰਾਜ, ਅੱਧਾਕਲਪ ਹੈ ਮਾਇਆ ਦਾ ਰਾਜ। ਇਹ ਸਮਝਾਣੀ ਸ਼ਾਸ਼ਤਰਾਂ ਵਿੱਚ ਨਹੀਂ ਹੈ। ਉਹ ਹੈ ਹੀ ਭਗਤੀ ਮਾਰਗ। ਗਿਆਨ ਦਾ ਸਾਗਰ ਇੱਕ ਹੀ ਬਾਪ ਹੈ ਜਿਸਨੂੰ ਪਤਿਤ - ਪਾਵਨ ਕਿਹਾ ਜਾਂਦਾ ਹੈ। ਜੋ ਬਾਪ ਨੂੰ ਯਾਦ ਨਹੀਂ ਕਰਦੇ ਹਨ ਉਹਨਾਂ ਕੋਲੋਂ ਪਤਿਤ ਕੰਮ ਜਰੂਰ ਹੁੰਦੇ ਹੀ ਰਹਿਣਗੇ। ਉਹਨਾਂ ਨੂੰ ਬ੍ਰਾਹਮਣ ਬ੍ਰਾਹਮਣੀ ਕਹਿ ਨਹੀਂ ਸਕਦੇ। ਬੜੀਆਂ ਸੂਕ੍ਸ਼੍ਮ ਗੱਲਾਂ ਹਨ। ਸ਼ਿਵਬਾਬਾ (ਦਾਦੇ) ਨੂੰ ਯਾਦ ਨਹੀਂ ਕਰਨਗੇ ਤਾਂ ਵਰਸਾ ਕਿਥੋਂ

ਮਿਲੇਗਾ। ਫਿਰ ਉਹਨਾਂ ਨੂੰ ਇਸ ਪੁਰਾਣੀ ਦੁਨੀਆਂ ਦੇ ਮਿੱਤਰ - ਸੰਬੰਧੀ ਆਦਿ ਯਾਦ ਆਉਂਦੇ ਹਨ। ਚੰਗੀ ਤਰ੍ਹਾਂ ਬਾਪ ਨੂੰ ਯਾਦ ਕਰਨਗੇ ਤਾਂ ਬਾਪ ਵੀ ਮਦਦ ਦੇਣਗੇ। ਤੁਸੀਂ ਕਿਤੇ ਮੁਰਲੀ ਚਲਾਉਣ ਵਿੱਚ ਮੁੰਝ ਜਾਵੋਗੇ ਤਾਂ ਵੀ ਸ਼ਿਵਬਾਬਾ ਪ੍ਰਵੇਸ਼ ਕਰ ਆਕੇ ਮੁਰਲੀ ਚਲਾਉਣਗੇ। ਬੱਚਿਆਂ ਨੂੰ ਪਤਾ ਨਹੀਂ ਲੱਗਦਾ ਕਿ ਸ਼ਿਵਬਾਬਾ ਆਕੇ ਮਦਦ ਕਰਦੇ ਹਨ। ਸਮਝਦੇ ਹਨ ਅਸੀਂ ਅੱਜ ਚੰਗੀ ਮੁਰਲੀ ਚਲਾਈ। ਅਰੇ ਅੱਜ ਚੰਗੀ ਚਲਾਈ ਕਲ ਕਿਉਂ ਨਹੀਂ ਚਲਾਉਂਦੇ ਸੀ। ਤੁਹਾਨੂੰ ਇਹ ਵੀ ਪਤਾ ਥੋੜੀਹੀ ਲੱਗਦਾ ਹੈ - ਸ਼ਿਵਬਾਬਾ ਬੋਲਦੇ ਹਨ ਜਾਂ ਬ੍ਰਹਮਾ ਬੋਲਦੇ ਹਨ! ਸ਼ਿਵਬਾਬਾ ਕਹਿੰਦੇ ਹਨ - ਬੱਚੇ ਤੁਸੀਂ ਮੇਰੀ ਈਸ਼ਵਰੀ ਔਲਾਦ ਹੋ, ਮੈਨੂੰ ਯਾਦ ਕਰੋ। ਇਵੇਂ ਹੋਰ ਕੋਈ ਕਹਿ ਨਾ ਸਕੇ। ਮੈਂ ਹੀ ਇਹਨਾਂ ਵਿੱਚ ਪ੍ਰਵੇਸ਼ ਕਰ ਕਹਿ ਸਕਦਾ ਹਾਂ ਨਾ। ਮੈਂ ਗਿਆਨ ਸਾਗਰ ਹਾਂ ਨਾ। ਤੁਸੀਂ ਗਿਆਨੀ ਤੂੰ ਆਤਮਾ ਬਣ ਰਹੇ ਹੋ। ਤਾਂ ਜੋ ਬਾਪ ਨਾਲ ਯੋਗ ਰੱਖਦੇ ਹਨ ਤਾਂ ਬਾਪ ਵੀ ਆਕੇ ਮਦਦ ਕਰਦੇ ਹਨ। ਦੇਹ - ਅਭਿਮਾਨ ਯਾਦ ਥੋੜੀਹੀ ਕਰਨਗੇ। ਬਾਪ ਨੂੰ ਜਰੂਰ ਯਾਦ ਕਰਨਾ ਹੈ। ਹੰਕਾਰ ਨਹੀਂ ਆਉਣਾ ਚਾਹੀਦਾ - ਮੈਂ ਵਧੀਆ ਮੁਰਲੀ ਚਲਾਈ। ਨਹੀਂ, ਸਮਝਣਾ ਚਾਹੀਦਾ ਸ਼ਿਵਬਾਬਾ ਨੇ ਆਕੇ ਮੁਰਲੀ ਚਲਾਈ। ਘੜੀ - ਘੜੀ ਸ਼ਿਵਬਾਬਾ ਨੂੰ ਯਾਦ ਕਰਨਾ ਚਾਹੀਦਾ ਹੈ। ਬਹੁਤ ਬੱਚੇ ਹਨ ਜੋ ਪੂਰਾ ਯਾਦ ਨਹੀਂ ਕਰਦੇ ਹਨ ਤਾਂ ਕਰਮਭੋਗ ਮਿਟਦਾ ਨਹੀਂ। ਬਿਮਾਰੀਆਂ ਆ ਜਾਂਦੀਆਂ ਹਨ। ਵਿਕਰਮ ਵਿਨਾਸ਼ ਨਹੀਂ ਹੁੰਦੇ।

ਬੱਚਿਆਂ ਨੂੰ ਬਾਪ ਦੇ ਨਾਲ ਯੋਗ ਲਗਾਉਣਾ ਹੈ। ਅਸੀਂ ਰਾਜਯੋਗੀ ਹਾਂ। ਬਾਪ ਕੋਲੋਂ ਰਾਜਾਈ ਲੈਣੀ ਹੈ। ਅਸੀਂ ਨਰ ਤੋਂ ਨਾਰਾਇਣ ਬਣਾਂਗੇ। ਦਿਲ ਵਿੱਚ ਸਮਝਣਾ ਹੈ ਮੈਂ ਇਨਾਂ ਪੜ੍ਹਦਾ ਹਾਂ ਜੋ ਸੂਰਜਵੰਸ਼ੀ ਵਿੱਚ ਜਾਵਾਂ। ਇਵੇਂ ਨਹੀਂ, ਪਹਿਲੇ ਦਾਸ - ਦਾਸੀ ਬਣ ਫਿਰ ਰਾਜਾਈ ਪਾਉਣ। ਬਾਪ ਨੂੰ ਯਾਦ ਕਰਨ ਨਾਲ ਬਾਪ ਦੀ ਮਦਦ ਮਿਲੇਗੀ। ਨਹੀਂ ਤਾਂ ਕੁਝ ਨਾ ਕੁਝ ਪਾਪ, ਨੁਕਸਾਨ ਆਦਿ ਹੁੰਦਾ ਹੈ। ਉਹ ਦੁੱਖਦਾਈ ਬਹੁਤ ਬਣਦੇ ਹਨ। ਲਕਸ਼ਮੀ - ਨਾਰਾਇਣ ਤਾਂ ਸੁਖਦਾਈ ਹਨ ਨਾ। ਸਮਝਦਾਰ ਬੱਚੇ ਕੋਸ਼ਿਸ਼ ਕਰਨਗੇ ਫੁੱਲ ਪਾਸ ਹੋਣ ਦੀ। ਇਵੇਂ ਨਹੀਂ, ਜੋ ਮਿਲਿਆ ਸੋ ਠੀਕ। ਹਰ ਗੱਲ ਵਿੱਚ ਆਲਰਾਉਂਡ ਪੁਰਸ਼ਾਰਥ ਕਰਨਾ ਚਾਹੀਦਾ ਹੈ। ਇਵੇਂ ਵੀ ਨਹੀਂ ਕਿ ਇਹ ਕੰਮ ਇਹਨਾਂ ਦਾ ਹੈ ਅਸੀਂ ਕਿਉਂ ਕਰੀਏ! ਬਾਬਾ ਆਲਰਾਉਂਡਰ ਕੰਮ ਕਰਦੇ ਹਨ ਨਾ। ਬੱਚੇ ਦੀ ਚੱਲਣ ਠੀਕ ਨਹੀਂ ਰਹਿੰਦੀ ਤਾਂ ਫਿਰ ਨਾਮ ਬਦਨਾਮ ਕਰਾਉਂਦੇ ਹਨ। ਬਾਪ ਕਹਿੰਦੇ ਹਨ ਮੇਰਾ ਬਣਕੇ ਅਤੇ ਫਿਰ ਉਲਟਾ ਕੰਮ ਕਰਦੇ ਤਾਂ ਪਦ ਵੀ ਭ੍ਰਿਸ਼ਟ ਹੋ ਜਾਂਦਾ ਹੈ। ਇਵੇਂ ਨਾ ਸਮਝੋ ਕਿ ਇਹ ਬ੍ਰਹਮਾ ਬਾਬਾ ਡਾਇਰੈਕਸ਼ਨ ਦਿੰਦੇ ਹਨ। ਸ਼ਿਵਬਾਬਾ ਯਾਦ ਰਹਿਣਾ ਚਾਹੀਦਾ ਹੈ।

ਬੱਚਿਆਂ ਨੂੰ ਸਮਝਣਾ ਹੈ ਦੁਨੀਆਂ ਨੂੰ ਪਾਵਨ ਬਣਾਉਣ ਦਾ ਬੋਝਾ ਸਿਰ ਤੇ ਹੈ। ਅਸੀਂ ਰਿਸਪਾਂਸੀਬਲ ਹਾਂ। ਭਾਰਤ ਨੂੰ ਪਾਵਨ ਬਨਾਉਣ ਦੀ ਬਹੁਤ ਵੱਡੀ ਰਿਸਪਾਂਸੀਬਿਲਟੀ ਹੈ। ਯਗ ਦਾ ਹਰ ਕੰਮ ਰਿਸਪਾਂਸੀਬਿਲਟੀ ਨਾਲ ਕਰਨਾ ਹੈ। ਕੋਈ ਗਫਲਤ ਨਾ ਹੋਵੇ ਤਾਂ ਬਾਬਾ ਵੀ ਰਿਗਾਰ੍ਡ ਦੇਣਗੇ। ਨਹੀਂ ਤਾਂ ਧਰਮਰਾਜ ਇਵੇਂ ਸਜ਼ਾ ਖਵਾਉਂਦੇ ਹਨ ਜੋ ਕਦੀ ਜੇਲ ਵਿੱਚ ਵੀ ਨਹੀਂ ਖਾਦੀ ਹੋਵੇਗੀ ਇਸਲਈ ਬਾਪ ਕਹਿੰਦੇ ਹਨ ਵਿਨਾਸ਼ ਹੋਣ ਦੇ ਪਹਿਲੇ ਸਭ ਵਿਕਰਮ ਯੋਗ ਨਾਲ ਭਸਮ ਕਰੋ। ਨਹੀਂ ਤਾਂ ਜਨਮ - ਜਨਮਾਂਤਰ ਦੇ ਵਿਕ੍ਰਮਾਂ ਦੀ ਸਜ਼ਾ ਧਰਮਰਾਜਪੁਰੀ ਵਿੱਚ ਬਹੁਤ ਖਾਣੀ ਪਵੇਗੀ ਇਸਲਈ ਗਫਲਤ ਮਤ ਕਰੋ। ਇਹ ਅੰਤਿਮ ਜਨਮ ਹੈ ਫਿਰ ਤਾਂ ਜਾਣਗੇ ਹੀ ਸਵਰਗ ਵਿੱਚ। ਮੋਚਰੇ ਖਾਕੇ ਫਿਰ ਪ੍ਰਜਾ ਪਦਵੀ ਪਾਉਣਾ ਹੈ ਇਸਨੂੰ ਪੁਰਸ਼ਾਰਥ ਨਹੀਂ ਕਿਹਾ ਜਾਂਦਾ। ਉਸ ਸਮੇਂ ਤ੍ਰਾਹਿ - ਤ੍ਰਾਹਿ ਕਰਨਾ ਪਵੇ। ਇਹ ਵੀ ਬਾਪ ਸ਼ਾਖਸ਼ਾਤਕਾਰ ਕਰਾਉਣਗੇ ਕਿ ਬਾਰ - ਬਾਰ ਸਮਝਾਇਆ ਸੀ, ਬ੍ਰਾਹਮਣ ਬਣਨਾ ਕੋਈ ਮਾਸੀ ਦਾ ਘਰ ਨਹੀਂ ਹੈ। ਈਸ਼ਵਰ ਦਾ ਬੱਚਾ ਬਣਦੇ ਹੋ ਤਾਂ ਫਿਰ ਕੋਈ ਵਿਕਾਰ ਨਹੀਂ ਹੋਣਾ ਚਾਹੀਦਾ ਹੈ। ਇਸ ਵਿੱਚ ਵੀ ਕਾਮ ਮਹਾਸ਼ਤਰੂ ਹੈ। ਜੋ ਕਾਮ ਵਸ਼ ਹੋ ਜਾਂਦੇ ਹਨ ਉਹਨਾਂ ਨੂੰ ਬ੍ਰਾਹਮਣ ਨਹੀਂ ਕਿਹਾ ਜਾ ਸਕਦਾ। ਮਾਇਆ ਬਹੁਤ ਪਿਛਾੜੇਗੀ ਪਰ ਕਰਮਇੰਦਰੀਆਂ ਨਾਲ ਕੋਈ ਕੰਮ ਨਹੀਂ ਕਰਨਾ ਹੈ। ਫੇਮਿਲੀਯਰੀਟੀ ਦਾ ਹਲਕਾ ਨਸ਼ਾ - ਇਹ ਵੀ ਮਾਇਆ ਦਾ ਨਸ਼ਾ ਹੈ। ਬਾਬਾ ਨੇ ਸਮਝਾਇਆ ਹੈ ਇਸਨਾਲ ਵੀ ਬੋਝ ਚੜ੍ਹ ਜਾਏਗਾ। ਤੁਸੀਂ ਵਿਭਚਾਰੀ ਬਣ ਗਏ। ਈਸ਼ਵਰੀ ਔਲਾਦ ਵਿੱਚ ਇਹ ਕਾਮ - ਕਰੋਧ ਆਦਿ ਸ਼ੈਤਾਨ ਥੋੜੀਹੀ ਹੁੰਦੇ ਹਨ। ਉਹ ਸ਼ੈਤਾਨੀ ਆਸੁਰੀ ਗੁਣ ਹਨ। ਬਹੁਤ ਹਨ ਜੋ ਈਸ਼ਵਰ ਦੇ ਬਣਦੇ ਹਨ ਫਿਰ ਮਾਇਆ ਦੇ ਬੰਨਤੀ ਹੋ ਜਾਂਦੇ ਹਨ। ਦੇਹ - ਅਭਿਮਾਨ ਵਿੱਚ ਆ ਜਾਂਦੇ ਹਨ। ਬਾਪ ਦੀ ਸ਼੍ਰੀਮਤ ਤੇ ਚਲਣਾ ਹੈ ਉਦੋਂ ਰਿਸਪੋਨਸੀਬਲ ਉਹ ਰਹਿਣਗੇ। ਬ੍ਰਹਮਾ ਦੀ ਮਤ ਵੀ ਗਾਈ ਹੋਈ ਹੈ। ਇਹਨਾਂ ਦੀ ਮਤ ਤੇ ਚੱਲਣ ਨਾਲ ਵੀ ਰਿਸਪੋਨਸੀਬਲ ਬਾਪ ਹੋ ਜਾਏਗਾ। ਤਾਂ ਕਿਉਂ ਨਾ ਆਪਣੇ ਤੋਂ ਰਿਸਪੋਨਸੀਬਿਲਟੀ ਉਤਾਰ ਦੇਣੀ ਚਾਹੀਦੀ ਹੈ। ਬਾਪ - ਦਾਦਾ, ਦੋਵਾਂ ਦੀ ਮਤ ਮਸ਼ਹੂਰ ਹੈ। ਮਾਤਾ ਦੀ ਮਤ ਤੇ ਵੀ ਚੱਲਣਾ ਚਾਹੀਦਾ ਹੈ ਕਿਉਂਕਿ ਮਾਤਾ ਗੁਰੂ ਬਣਦੀ ਹੈ। ਉਹ ਮਾਤਾ - ਪਿਤਾ ਵੱਖ ਹਨ। ਇਸ ਸਮੇਂ ਮਾਤਾ ਨੂੰ ਗੁਰੂ ਬਣਾਉਣ ਦਾ ਸਿਲਸਿਲਾ ਚੱਲਦਾ ਹੈ।

ਤੁਸੀਂ ਪੁਰਸ਼ਾਰਥ ਕਰ ਰਹੇ ਹੋ ਸ਼ਿਵਾਲੇ ਦੇ ਲਈ। ਸਤਿਯੁਗ ਨੂੰ ਸ਼ਿਵਾਲਾ ਕਿਹਾ ਜਾਂਦਾ ਹੈ। ਪਰਮਾਤਮਾ ਦਾ ਐਕੂਰੇਟ ਨਾਮ ਸ਼ਿਵ ਹੈ। ਸ਼ਿਵ ਜਯੰਤੀ ਹੀ ਗਾਈ ਜਾਂਦੀ ਹੈ। ਸ਼ਿਵ ਨੂੰ ਕਲਿਆਣਕਾਰੀ ਕਿਹਾ ਜਾਂਦਾ ਹੈ। ਉਹ ਹੈ ਬਿੰਦੀ। ਪਰਮਪਿਤਾ ਪਰਮਾਤਮਾ ਦਾ ਰੂਪ ਹੈ ਹੀ ਸਟਾਰ। ਸੋਨੇ ਅਤੇ ਚਾਂਦੀ ਦਾ ਛੋਟਾ ਸਟਾਰ ਬਣਾਕੇ ਟਿੱਕਾ ਵੀ ਲਗਾਉਂਦੇ ਹਨ। ਅਸਲ ਵਿੱਚ ਉਹ ਏਕੁਰੇਟ ਠੀਕ ਹੈ ਅਤੇ ਸਟਾਰ ਰਹਿੰਦਾ ਵੀ ਭ੍ਰਿਕੁਟੀ ਵਿੱਚ ਹੈ ਪਰ ਮਨੁੱਖਾਂ ਨੂੰ ਗਿਆਨ ਨਹੀਂ ਹੈ। ਕੋਈ ਫਿਰ ਤ੍ਰਿਸ਼ੂਲ ਦਿੰਦੇ ਹਨ। ਤ੍ਰਿਨੇਤਰੀ, ਤ੍ਰਿਕਾਲਦਰਸ਼ੀ ਦੀ ਨਿਸ਼ਾਨੀ ਯਾਨੀ ਦਿਵਯ ਦ੍ਰਿਸ਼ਟੀ, ਦਿਵਯ ਬੁੱਧੀ ਦੀ ਨਿਸ਼ਾਨੀ ਦਿੰਦੇ ਹਨ। ਹੁਣ ਤੁਹਾਨੂੰ ਬੱਚਿਆਂ ਨੂੰ ਇਹਨਾਂ ਗੱਲਾਂ ਦਾ ਗਿਆਨ ਹੈ। ਤੁਸੀਂ ਚਾਹੋ ਤਾਂ ਸਟਾਰ ਲਗਾ ਸਕਦੇ ਹੋ। ਆਪਣੀ ਨਿਸ਼ਾਨੀ ਸਫੇਦ ਸਟਾਰ ਹੈ। ਆਤਮਾ ਦਾ ਰੂਪ ਵੀ ਇਵੇਂ ਸਟਾਰ ਮਿਸਲ ਹੈ। ਬਾਪ ਸਭ ਰਾਜ਼ ਸਮਝਾਉਂਦੇ ਹਨ। ਸਾਵਧਾਨੀ ਵੀ ਦਿੰਦੇ ਹਨ। ਬੀ. ਕੇ. ਉਹ ਜਿਨ੍ਹਾਂ ਦੀ ਪ੍ਰਤਿਗਿਆ ਕੀਤੀ ਹੋਈ ਹੈ ਕਿ ਪਾਪ ਦਾ ਕੰਮ ਕਦੀ ਨਹੀਂ ਕਰਨਗੇ। ਇਹ ਯਾਦ ਰੱਖਣਾ ਹੈ। ਕਿਸਦੇ ਦਿਲ ਨੂੰ ਦੁਖਾਉਣਾ ਨਹੀਂ ਹੈ। ਜੇਕਰ ਦੁਖਾਉਂਦੇ ਹੋ ਤਾਂ ਸ਼ਿਵਬਾਬਾ ਦਾ ਬੱਚਾ ਨਹੀਂ

ਠਹਿਰਾਇਆ। ਸ਼ਿਵਬਾਬਾ ਆਉਂਦੇ ਹੀ ਹਨ ਸੁਖ ਦੇਣ। ਉੱਥੇ ਯਥਾ ਰਾਜਾ ਰਾਣੀ ਤਥਾ ਪ੍ਰਜਾ - ਸਭ ਇੱਕ ਦੋ ਨੂੰ ਸੁਖ ਦਿੰਦੇ ਹਨ। ਇੱਥੇ ਸਭ ਸਾਂਵਰੇ ਬਣ ਗਏ ਹਨ, ਕਾਮ ਕਟਾਰੀ ਚਲਾਉਂਦੇ ਰਹਿੰਦੇ ਹਨ। ਇਹ ਹੈ ਹੀ ਇੱਕ ਦੋ ਨੂੰ ਦੁੱਖ ਦੇਣ ਦੀ ਦੁਨੀਆਂ। ਸਤਿਯੁਗ ਹੈ ਇੱਕ ਦੋ ਨੂੰ ਸੁਖ ਦੇਣ ਦੀ ਦੁਨੀਆਂ। ਸਮਝਾਉਣਾ ਚਾਹੀਦਾ ਹੈ ਕਿ ਈਸ਼ਵਰੀ ਸੰਤਾਨ ਬਣੇ ਹੋ। ਅਸੀਂ ਕੋਈ ਪਾਪ ਨਹੀਂ ਕਰਦੇ। ਨਹੀਂ ਤਾਂ ਪੁੰਨ ਆਤਮਾਵਾਂ ਦੀ ਦੁਨੀਆਂ ਵਿੱਚ ਇਨੀ ਪਦਵੀ ਪਾ ਨਹੀਂ ਸਕਣਗੇ। ਹਰ ਇੱਕ ਦੀ ਨਬਜ਼ ਤੋਂ ਪਤਾ ਲੱਗਦਾ ਹੈ ਕਿ ਇਹ ਸਾਡੇ ਕੁਲ ਦਾ ਹੈ ਜਾਂ ਨਹੀਂ।

ਅਸੀਂ ਕਹਿੰਦੇ ਹਾਂ ਭਗਵਾਨੁਵਾਚ ਤਾਂ ਗਾਇਆ ਹੋਇਆ ਹੈ ਕਿ ਅਸੀਂ ਤੁਹਾਨੂੰ ਰਾਜਯੋਗ ਸਿਖਾਉਂਦੇ ਹਾਂ। ਭਗਵਾਨ ਤਾਂ ਇੱਕ ਨਿਰਾਕਾਰ ਨੂੰ ਕਿਹਾ ਜਾਂਦਾ ਹੈ ਤਾਂ ਕਦੋਂ ਆਕੇ ਰਾਜਯੋਗ ਸਿਖਾਉਣਗੇ? ਜਰੂਰ ਜਦੋਂ ਨਵੀਂ ਦੁਨੀਆ ਸਥਾਪਨ ਹੋਵੇਗੀ। ਨਵੀਂ ਦੁਨੀਆ ਦੇ ਲਈ ਜਰੂਰ ਪੁਰਾਣੀ ਵਿੱਚ ਆਉਣਾ ਪਵੇ। ਭਗਵਾਨੁਵਾਚ - ਅਸੀਂ ਤੁਹਾਨੂੰ ਰਾਜਯੋਗ ਸਿਖਾਉਂਦੇ ਹਾਂ। ਕਿੱਥੋਂ ਦੇ ਲਈ? ਕੀ ਨਰਕ ਦੇ ਲਈ? ਪਾਵਨ ਦੁਨੀਆ ਦੇ ਲਈ। ਭਗਵਾਨੁਵਾਚ - ਮੈਂ ਤੁਹਾਨੂੰ ਰਾਜਿਆਂ ਦਾ ਰਾਜਾ ਬਣਾਉਂਦਾ ਹਾਂ। ਦੱਸੋ ਕਦੋਂ ਆਇਆ ਸੀ, ਉਹ ਕੌਣ ਸੀ ਫਿਰ ਕਦੋਂ ਆਵੇਗਾ? ਜਰੂਰ ਸਤਿਯੁਗ ਦੇ ਲਈ ਹੀ ਸਿਖਾਵੇਗਾ। ਬਹੁਤ ਸਹਿਜ ਹੈ। ਪ੍ਰੰਤੂ ਕਿਸੇ ਦੀ ਤਕਦੀਰ ਵਿੱਚ ਨਹੀਂ ਹੈ ਤਾਂ ਬੁੱਧੀ ਵਿੱਚ ਬੈਠ ਨਹੀਂ ਸਕਦਾ। ਜਿਵੇਂ ਤੱਤੇ ਤਵੇ। ਫਿਰ ਸਮਝਣਾ ਚਾਹੀਦਾ ਹੈ ਇਹ ਸਾਡੇ ਸੂਰਜਵੰਸ਼ੀ, ਚੰਦ੍ਰਵੰਸ਼ੀ ਰਾਜ ਦਾ ਨਹੀਂ ਹੈ ਬਾਕੀ ਪ੍ਰਜਾ ਤੇ ਬਹੁਤ ਹੀ ਬਣਨੀ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਪੰਜ ਹਜਾਰ ਵਰ੍ਹੇ ਬਾਦ ਆਕੇ ਮਿਲੇ ਹੋ ਬਾਪ ਤੋਂ ਵਰਸਾ ਲੈਣ, ਅਜਿਹੇ ਬੱਚਿਆਂ ਨੂੰ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਕਿਸੇ ਦੇ ਦਿਲ ਨੂੰ ਕਦੇ ਵੀ ਦੁਖਾਣਾ ਨਹੀਂ ਹੈ। ਪ੍ਰਤਿਗਿਆ ਕਰਨੀ ਹੈ ਹੁਣ ਕੋਈ ਪਾਪ ਦਾ ਕੰਮ ਨਹੀਂ ਕਰਾਂਗੇ। ਸਦਾ ਸੁਖਦਾਈ ਬਣਾਂਗੇ।

2. ਕਰਮਿੰਦ੍ਰਿਆਂ ਨਾਲ ਕਦੇ ਵੀ ਕੋਈ ਉਲਟਾ ਕੰਮ ਨਹੀਂ ਕਰਨਾ ਹੈ। ਬਾਪ ਅਤੇ ਦਾਦਾ ਦੀ ਮਤ ਤੇ ਚੱਲ ਆਪਣਾ ਬੋਝ ਉਤਾਰ ਦੇਣਾ ਹੈ।

ਵਰਦਾਨ:- ਅੰਮ੍ਰਿਤਵੇਲੇ ਤੋਂ ਲੈਕੇ ਰਾਤ ਤੱਕ ਮਰਿਆਦਾਪੂਰਵਕ ਚੱਲਣ ਵਾਲੇ ਪੁਰਸ਼ੋਤਮ ਭਵ।

ਸੰਗਮਯੁਗ ਦੀਆਂ ਮਰਿਯਾਦਾਵਾਂ ਵੀ ਪੁਰਸ਼ੋਤਮ ਬਣਾਉਂਦੀਆਂ ਹਨ ਇਸਲਈ ਮਰਿਯਾਦਾ ਪੁਰਸ਼ੋਤਮ ਕਿਹਾ ਜਾਂਦਾ ਹੈ। ਤਮੋਗੁਣੀ ਵਾਯੂਮੰਡਲ, ਵਾਇਬ੍ਰੇਸ਼ਨ ਤੋਂ ਬਚਨ ਦਾ ਸਹਿਜ ਸਾਧਨ ਇਹ ਮਰਿਯਾਦਾਵਾਂ ਹਨ। ਮਰਿਯਾਦਾਵਾਂ ਦੇ ਅੰਦਰ ਰਹਿਣ ਵਾਲੇ ਮਿਹਨਤ ਤੋਂ ਬਚ ਜਾਂਦੇ ਹਨ। ਹਰ ਕਦਮ ਦੇ ਲਈ ਬਾਪਦਾਦਾ ਦਵਾਰਾ ਮਰਿਯਾਦਾਵਾਂ ਮਿਲੀਆਂ ਹੋਈਆਂ ਹਨ, ਉਸ ਪ੍ਰਮਾਣ ਕਦਮ ਉਠਾਉਣ ਨਾਲ ਖੁਦ ਹੀ ਮਰਿਯਾਦਾ ਪੁਰਸ਼ੋਤਮ ਬਣ ਜਾਂਦੇ ਹਨ। ਤਾਂ ਅੰਮ੍ਰਿਤਵੇਲੇ ਤੋਂ ਰਾਤ ਤੱਕ ਮਰਿਯਾਦਾ ਪੂਰਵਕ ਜੀਵਨ ਹੈ ਤਾਂ ਕਹਾਂਗੇ ਪੁਰਸ਼ੋਤਮ ਮਤਲਬ ਸਧਾਰਨ ਪੁਰਸ਼ਾਂ ਤੋਂ ਉੱਤਮ ਆਤਮਾਵਾਂ।

ਸਲੋਗਨ:- ਜੋ ਕਿਸੇ ਵੀ ਗੱਲ ਵਿੱਚ ਖੁਦ ਨੂੰ ਮੋਲਡ ਕਰ ਲੈਂਦੇ ਹਨ ਉਹ ਹੀ ਸਰਵ ਦੀਆਂ ਦੁਆਵਾਂ ਦੇ ਪਾਤਰ ਬਣਦੇ ਹਨ।

******